# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

ਵੱਲ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
2. ਰਾਜ ਦੇ ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ
3. ਰਾਜ ਦੇ ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)

ਮੀਮੋ ਨੰ:ਸਸਅ/ਐਮਸੀ/2010/47544-47583
ਮਿਤੀ,ਚੰਡੀਗੜ੍ਹ 22-07-2010

**ਵਿਸ਼ਾ :- ਮਹੀਨਾਵਾਰ ਟੈਸਟਾਂ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਜਿਵੇਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਛੇਵੀਂ ਤੋਂ ਦਸਵੀਂ ਤੱਕ ਦੀਆਂ ਜਮਾਤਾਂ ਦੇ ਚਾਰ ਵਿਸ਼ਿਆਂ ਗਣਿਤ, ਅੰਗਰੇਜ਼ੀ, ਵਿਗਿਆਨ ਅਤੇ ਸਮਾਜਿਕ ਸਿੱਖਿਆ ਦੇ ਮਹੀਨਾਵਾਰ ਟੈਸਟ ਮਹੀਨੇ ਦੇ ਪਹਿਲੇ ਹਫ਼ਤੇ ਦੇ ਪਹਿਲੇ ਚਾਰ ਦਿਨਾਂ ਵਿੱਚ ਲਏ ਜਾਂਦੇ ਹਨ ਅਤੇ ਇਹਨਾਂ ਦੇ ਪ੍ਰਸ਼ਨ ਪੱਤਰ ਹੈੱਡ ਆਫ਼ਿਸ ਤੋਂ ਭੇਜੇ ਜਾਂਦੇ ਹਨ। ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਮੰਗ ਨੂੰ ਦੇਖਦੇ ਹੋਏ ਅਗਸਤ 2010 ਤੋਂ ਹਿੰਦੀ ਅਤੇ ਪੰਜਾਬੀ ਦੇ ਪ੍ਰਸ਼ਨ ਪੱਤਰ ਵੀ ਹੈੱਡ ਆਫ਼ਿਸ ਤੋਂ ਬਣਾ ਕੇ ਹੇਠ ਲਿਖੀ ਡੇਟਸ਼ੀਟ ਮੁਤਾਬਿਕ ਪੇਪਰ ਵਾਲੇ ਦਿਨ ਵੈੱਬ-ਸਾਈਟ ਤੇ ਲੋਡ ਕਰ ਦਿੱਤੇ ਜਾਣਗੇ। ਡੇਟਸ਼ੀਟ ਹੇਠ ਲਿਖੇ ਅਨੁਸਾਰ ਹੋਵੇਗੀ।

**ਅਗਸਤ ਮਹੀਨੇ ਦੀ ਮਹੀਨਾਵਾਰ ਡੇਟਸ਼ੀਟ :-**

| ਲੜੀ ਨੰ: | ਮਿਤੀ | ਦਿਨ | ਵਿਸ਼ਾ | ਜਮਾਤ |
|---|---|---|---|---|
| 1. | 02-08-2010 | ਸੋਮਵਾਰ | ਗਣਿਤ | ਛੇਵੀਂ ਤੋਂ ਦਸਵੀਂ |
| 2. | 03-08-2010 | ਮੰਗਲਵਾਰ | ਅੰਗਰੇਜ਼ੀ | ਉਕਤ |
| 3. | 04-08-2010 | ਬੁੱਧਵਾਰ | ਵਿਗਿਆਨ | ਉਕਤ |
| 4. | 05-08-2010 | ਵੀਰਵਾਰ | ਸਮਾਜਿਕ ਸਿੱਖਿਆ | ਉਕਤ |
| 5. | 06-08-2010 | ਸ਼ੁੱਕਰਵਾਰ | ਹਿੰਦੀ | ਉਕਤ |
| 6. | 07-08-2010 | ਸ਼ਨੀਵਾਰ | ਪੰਜਾਬੀ | ਉਕਤ |

3.0 ਆਪ ਨੂੰ ਲਿਖਿਆ ਜਾਂਦਾ ਹੈ ਕਿ ਉਪਰੋਕਤ ਡੇਟਸ਼ੀਟ ਬਾਰੇ ਵਿਦਿਆਰਥੀਆਂ ਨੂੰ ਨੋਟ ਕਰਵਾ ਦਿੱਤਾ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ,ਚੰਡੀਗੜ੍ਹ**